**B.C.M.SCHOOL, BASANT AVENUE, DUGRI, LUDHIANA**
**ਜਮਾਤ ਸੱਤਵੀਂ ਵਿਸ਼ਾ ਪੰਜਾਬੀ**

**Assignment**
**ਅਣਡਿੱਠਾ ਪੈਰਾ**

ਸਾਡੇ ਜੀਵਨ ਦਾ ਪ੍ਰਤੱਖ ਅਤੇ ਮਹਾਨ ਅੰਗ ਉਪਜੀਵਕਾ ਕਮਾਉਣਾ ਹੈ। ਇਸ ਦ੍ਰਿਸ਼ਟੀਕੋਣ ਤੋਂ ਵੇਖਿਆ ਪਤਾ ਲੱਗਦਾ ਹੈ ਕਿ ਜਿਸ ਮਨੁੱਖ ਜਾਂ ਇਸਤਰੀ ਨੇ ਆਪਣੀ ਪਹਿਲੀ ਅਵਸਥਾ ਵਿੱਚ ਆਪਣੇ ਆਪ ਨੂੰ ਉਪਜੀਵਕਾ ਕਮਾਉਣ ਦੇ ਯੋਗ ਬਣਾਉਣ ਲਈ ਘਾਲਣਾ ਨਹੀਂ ਘਾਲੀ, ਉਹ ਹਰ ਖੇਤਰ ਵਿੱਚ ਪਿੱਛੇ ਰਹਿ ਜਾਂਦਾ ਹੈ ਜੋ ਕਿਸੇ ਦੇ ਵਿਹਾਰ ਜਾਂ ਕਾਰਜ ਉੱਤੇ ਦਿਲ ਲਗਾ ਕੇ ਮਿਹਨਤ ਕਰਨ ਵੱਲੋਂ ਅਵੇਸਲੇ ਹੋ ਜਾਣ ਉਹਨਾਂ ਦਾ ਇਸ ਸੰਸਾਰ ਵਿੱਚ ਝੱਟ ਨਹੀਂ ਟੱਪਦਾ। ਨਿਰੀ ਉਪਜੀਵਕਾ ਕਮਾਉਣ ਵਾਸਤੇ ਹੀ ਜਿਉਣਾ ਬਹੁਤ ਉੱਚਾ ਆਦਰਸ਼ ਨਹੀਂ ਮਿਹਨਤ ਦਾ ਮਨੁੱਖੀ ਸੁਭਾਉ ਉੱਤੇ ਅਦੁੱਤੀ ਪ੍ਰਭਾਵ ਪੈਂਦਾ ਹੈ।

ਉਪਰੋਕਤ ਪੈਰੇ ਨੂੰ ਪੜ੍ਹ ਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:-

ਪ੍ਰ:-ਸਾਡੇ ਜੀਵਨ ਦਾ ਪ੍ਰਤੱਖ ਅਤੇ ਮਹਾਨ ਅੰਗ ਕੀ ਹੈ?

ੳ)ਵਪਾਰ ਕਰਨਾ ਅ)ਨੌਕਰੀ ਕਰਨਾ ੲ)ਉਪਜੀਵਕਾ ਕਮਾਉਣਾ ਸ)ਮਜ਼ਦੂਰੀ ਕਰਨਾ

ਪ੍ਰ:-ਕੀ ਕੇਵਲ ਰੋਜੀ ਕਮਾਉਣ ਲਈ ਜੀਵਨ ਗੁਜ਼ਾਰਨਾ ਚੰਗੀ ਗੱਲ ਹੈ?

ੳ)ਉਚੇਰਾ ਆਦਰਸ਼ ਹੈ ਅ)ਉਚੇਰਾ ਆਦਰਸ਼ ਨਹੀਂ ੲ)ਉਚੇਰਾ ਆਦਰਸ਼ ਹੈ ਵੀ ਤੇ ਨਹੀਂ ਵੀ ਸ) ਉਪਰੋਕਤ ਕੋਈ ਨਹੀਂ

ਪ੍ਰ:- ਉਪਰੋਕਤ ਪੈਰ੍ਹੇ ਦਾ ਸਿਰਲੇਖ ਚੁਣੋ:-

ਜੀਵਨ ਦਾ ਆਦਰਸ਼ ਅ)ਉਪਜੀਵਕਾ ਕਮਾਉਣਾ ੲ)ਉੱਚਾ ਆਦਰਸ ਸ)ਆਦਰਸ਼ ਜੀਵਨ

ਪ੍ਰ:-ਮਨੁੱਖ ਜਾਂ ਇਸਤਰੀ ਨੂੰ ਆਪਣੀ ਕਿਹੜੀ ਅਵਸਥਾ ਵਿੱਚ ਆਪਣੇ ਆਪ ਨੂੰ ਉਪਜੀਵਕਾ ਕਮਾਉਣ ਯੋਗ ਬਣਾਉਣਾ ਚਾਹੀਦਾ ਹੈ?

ੳ)ਮੁੱਢਲੀ ਅਵਸਥਾ ਵਿੱਚ ਅ)ਜਵਾਨੀ ਸਮੇਂ ੲ)ਅੰਤਿਮ ਅਵਸਥਾ ਵਿੱਚ ਸ)ਚੜ੍ਹਦੀ ਜਵਾਨੀ ਸਮੇਂ

**ਅਣਡਿੱਠੀ ਕਾਵਿ ਟੁਕੜੀ**

ਪੜੇ ਲਿਖੇ ਦਾ ਯੁਗ ਹੈ ਆਇਆ,
ਅਨਪੜ ਪਿੱਛੇ ਹੈ ਹਟਾਇਆ।
ਕਰ ਖੇਤੀ ਜਾ ਕੋਈ ਵਪਾਰ,
ਸਿੱਖਿਆ ਬਾਝੋਂ ਨਹੀ ਬਹਾਰ।
ਛੱਡ ਭਰੇ ਵਹਿਮਾਂ ਦਾ ਤਾਣਾ,
ਸੁਣ ਬੀਬਾ ਚਾਨਣ ਫੈਲਾਣਾ,
ਲੈ ਦੀਵਾ ਤੂੰ ਤੁਰਦੇ ਜਾਣਾ।

ਪ੍ਰ:-ਅੱਜ ਦਾ ਯੁੱਗ ਕਿੰਨਾਂ ਦਾ ਯੁੱਗ ਅਖਵਾਉਂਦਾ ਹੈ?

ਪ੍ਰ:-ਇਸ ਵਿੱਚ ਕੀ-ਕੀ ਕਰਨ ਲਈ ਕਿਹਾ ਗਿਆ ਹੈ?

ਪ੍ਰ:-ਇਸ ਵਿੱਚ ਕਿਹੜੀ ਚੀਜ਼ ਨੂੰ ਛੱਡਣ ਲਈ ਕਿਹਾ ਗਿਆ ਹੈ?

ਪ੍ਰ:-ਇਸ ਯੁੱਗ ਨੇ ਕਿਸ ਨੂੰ ਪਿੱਛੇ ਹਟਾਇਆ ਹੈ?

ਪ੍ਰ:-ਕਿਸ ਤੋਂ ਬਗੈਰ ਬਹਾਰ ਨਹੀਂ ਹੈ?

**ਵਿਆਕਰਨ**:

1.ਡਾਕਟਰ ਸ਼ਬਦ ਦਾ ਇਸਤਰੀ ਲਿੰਗ ਚੁਣੋ:-

ੳ)ਡਾਕਟਰਨੀ ਅ)ਨਰਸ ੲ) ਡਾਕਟਰਾਂਣੀ ਸ)ਡਾਕਟਰੀ

2.ਰਾਜਵੀਰ ਬਹੁਤ ਸੋਹਣੀ ਕਵਿਤਾ ਲਿਖਦਾ ਹੈ। ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਚੁਣੋ:-

ੳ)ਕਵੀ ਅ)ਗੀਤਕਾਰ ੲ)ਲੇਖਕ ਸ)ਗਾਇਕ

3.ਉਹ ਤਾਂ ਹਮੇਸ਼ਾ ਆਮ ਜਿਹੇ ਕੱਪੜੇ ਹੀ ਪਾਉਂਦਾ ਹੈ।ਆਮ ਦਾ ਵਿਰੋਧੀ ਸ਼ਬਦ ਚੁਣੋ:-

ੳ)ਸਧਾਰਨ ਅ)ਖਾਸ ੲ) ਐਵੇਂ ਹੀ ਸ)ਫਜ਼ੂਲ

4.ਗੁਰਦੇਵ ਪਿੰਡ ਦੀ ਪੰਚਾਇਤ ਦਾ ਮੁਖੀ ਹੈ। ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਚੁਣੋ:-

ੳ)ਜੈਲਦਾਰ ਅ)ਪੰਚ ੲ) ਸਰਪੰਚ ਸ)ਨੰਬਰਦਾਰ

5.ਅੱਜ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਦਿਹਾੜਾ ਹੈ। ਦਿਹਾੜਾ ਸ਼ਬਦ ਦਾ ਸਹੀ ਸਮਾਨਾਰਥਕ ਸ਼ਬਦ ਚੁਣੋ:-

ੳ)ਦਿਨ ਅ)ਘੜੀ ੲ) ਪਲ ਸ)ਸਮਾਂ

6.ਭਾਰਤੀ ਜਵਾਨਾਂ ਨੇ ਵੈਰੀ ਦਾ ਡੱਟ ਕੇ ਮੁਕਾਬਲਾ ਕੀਤਾ। ਵਾਕ ਲਈ ਸਹੀ ਮੁਹਾਵਰਾ ਚੁਣੋ:-

ੳ)ਟਿੱਲ ਲਾਉਣਾ ਅ) ਛਿੰਞ ਪਾਉਣੀ ੲ) ਸਿਰ ਧੜ ਦੀ ਬਾਜੀ ਲਾਉਣਾ ਸ)ਟੱਕਰ ਲੈਣੀ

**ਛੋਟੇ ਪ੍ਰਸ਼ਨ ਉੱਤਰ**

ਪ੍ਰ:- ਅੱਗ ਲੈਣ ਆਈ ਘਰ ਵਾਲੀ ਬਣ ਬੈਠੀ ਦਾ ਕੀ ਅਰਥ ਹੈ?

ਪ੍ਰ:-ਕਰਮਚਾਰੀ ਕੀ ਕਰ ਰਹੇ ਸਨ?

**ਵੱਡੇ ਪ੍ਰਸ਼ਨ ਉੱਤਰ:-**

ਪ੍ਰ:-ਪਿੰਡ ਦੇ ਸਰਪੰਚ ਨੇ ਸੁਭਾਅ ਤੋਂ ਸਰਕਾਰੀ ਗ੍ਰਾਂਟਾਂ ਲੈਣ ਬਾਰੇ ਸੰਖੇਪ ਵਿੱਚ ਲਿਖੋ?

ਪ੍ਰ:- ਪ੍ਰੋ.ਖਰੇ ਨੇ ਵਿਦਿਆਰਥੀਆਂ ਨੂੰ ਕਿਹੜੇ-ਕਿਹੜੇ ਸਵਾਲ ਪੁੱਛੇ?

**ਬਹੁਤ ਵੱਡੇ ਪ੍ਰਸ਼ਨ**

ਪ੍ਰ:-ਅੱਜ ਕੱਲ ਵਿਆਹ ਸ਼ਾਦੀਆਂ ਤੇ ਸੱਦੇ ਭੇਜਣ ਦਾ ਰਿਵਾਜ ਕੀ ਹੈ? ਲੋਕਾਂ ਦੇ ਇਸ ਬਾਰੇ ਅਲੱਗ ਅਲੱਗ ਕੀ ਵਿਚਾਰ ਹਨ ਦੱਸੋ?

ਪ੍ਰ:-ਅੱਜ ਦੇ ਆਮ ਇਜਲਾਸ ਵਿੱਚ ਤਿੰਨੋ ਮੁੱਦਿਆਂ ਤੇ ਸਰਪੰਚ ਸਾਹਿਬ ਕੀ ਬੋਲੇ? ਸੰਖੇਪ ਕਰਕੇ ਲਿਖੋ।

**ਅਭਿਆਸ ਕਾਰਜ:-**

ਸ਼ਬਦ ਅਰਥ:-ਉਪਯੋਗ, ਅਸਮਤ, ਕੁਕਰਮ, ਨਸ਼ਰ ਕਰਨਾ

ਵਾਕ ਬਣਾਓ:-ਇਨਸਾਨ,ਪਾਬੰਦੀ

**ਖਾਲੀ ਥਾਵਾਂ ਭਰੋ:-**

1.ਜਹਾਜ ਕਲਕੱਤਾ ਦੀ _______ ਤੇ ਜਾ ਕੇ ਲੱਗਿਆ।

2. ਪਿੰਡ ਦਾ ਵਿਕਾਸ _______ ਗਰਾਂਟਾਂ ਦੇ ਨਾਲ ਹੁੰਦਾ ਹੈ।

**ਠੀਕ/ ਗਲਤ**

1.ਨਸ਼ੇ ਬੜੇ ਮਾਰੂ ਹੁੰਦੇ ਹਨ।

2. ਕਰਮਚਾਰੀਆਂ ਨਾਲ ਘਰਾਂ ਵਾਲੇ ਬਹੁਤ ਵਧੀਆ ਸਲੂਕ ਨਹੀਂ ਸਨ ਕਰਦੇ।

**ਕਿਸ ਨੇ ਕਿਸ ਨੂੰ ਕਹੇ:-**

1. ਅਸੀਂ ਕੱਲ ਪਿਲਾ ਤਾਂ ਆਏ ਸੀ ਹੁਣ ਤੁਸੀਂ ਘਰ-ਘਰ ਵੀ ਪੁੱਜ ਗਏ।
2. ਮਦਰ ਟੈਰੇਸਾ ਭਾਰਤ ਵਿੱਚ 1929 ਵਿੱਚ ਮੁੰਬਈ ਵਿਖੇ ਆਈ।